# ਇੱਕ ਵਾਰ ਦਾ $500

## ਕੈਨੇਡਾ ਹਾਊਸਿੰਗ ਬੈਨੀਫਿਟ

WEB

**ਕੈਨੇਡਾ ਹਾਊਸਿੰਗ ਬੈਨੀਫਿਟ ਵਿੱਚ ਇੱਕ ਵਾਰ ਦੇ ਟਾਪ-ਅੱਪ ਦਾ ਮਕਸਦ ਘੱਟ ਆਮਦਨ ਵਾਲੇ ਕਿਰਾਏਦਾਰਾਂ ਦੀ ਮਦਦ ਕਰਨਾ ਹੈ ਜੋ ਕਿਰਾਏ ਦੀ ਲਾਗਤ ਵਿੱਚ ਸੰਘਰਸ਼ ਕਰ ਰਹੇ ਹਨ।**

### ਕੌਣ ਅਰਜ਼ੀ ਦੇ ਸਕਦਾ ਹੈ

ਤੁਸੀਂ ਇੱਕ-ਵਾਰ ਦੇ $500 ਦੇ ਭੁਗਤਾਨ ਲਈ ਯੋਗ ਹੋ ਸਕਦੇ ਹੋ ਜੇ:

- ਤੁਸੀਂ 2021 ਦੀ ਟੈਕਸ ਰਿਟਰਨ ਦਾਇਰ ਕੀਤੀ ਹੈ
- 1 ਦਸੰਬਰ, 2022 ਨੂੰ ਤੁਹਾਡੀ ਉਮਰ ਘੱਟ ਤੋਂ ਘੱਟ 15 ਸਾਲ ਹੈ
- ਤੁਹਾਡੀ ਐਡਜਸਟ ਕੀਤੀ ਪਰਿਵਾਰਕ ਨੈੱਟ ਆਮਦਨ $20,000 ਜਾਂ ਘੱਟ (ਵਿਅਕਤੀਗਤ) ਜਾਂ $35,000 ਜਾਂ ਘੱਟ (ਪਰਿਵਾਰ) ਹੈ
- ਤੁਸੀਂ 2022 ਵਿੱਚ ਟੈਕਸ ਉਦੇਸ਼ਾਂ ਲਈ ਕੈਨੇਡਾ ਵਿੱਚ ਇੱਕ ਨਿਵਾਸੀ ਹੋ
- ਤੁਹਾਡੀ ਮੁੱਖ ਰਿਹਾਇਸ਼ ਕੈਨੇਡਾ ਵਿੱਚ ਸਥਿਤ ਹੈ
- ਤੁਸੀਂ 2022 ਵਿੱਚ ਕੈਨੇਡਾ ਵਿੱਚ ਆਪਣੀ ਮੁੱਖ ਰਿਹਾਇਸ਼ ਲਈ ਕਿਰਾਏ ਦਾ ਭੁਗਤਾਨ ਕੀਤਾ ਸੀ
- ਤੁਸੀਂ 2022 ਵਿੱਚ ਆਪਣੀ 2021 ਦੀ ਐਡਜਸਟ ਕੀਤੀ ਪਰਿਵਾਰਕ ਨੈੱਟ ਆਮਦਨ ਦਾ ਘੱਟੋ-ਘੱਟ 30% ਕਿਰਾਏ ਵਿੱਚ ਦਿੱਤਾ ਹੈ

### ਅਰਜ਼ੀ ਕਿਵੇਂ ਦੇਣੀ ਹੈ

**CRA My Account ਰਾਹੀਂ ਅਰਜ਼ੀ ਦਿਓ।** ਆਪਣਾ ਭੁਗਤਾਨ ਤੇਜ਼ੀ ਨਾਲ ਪ੍ਰਾਪਤ ਕਰਨ ਲਈ, CRA My Account ਵਿੱਚ ਡਾਇਰੈਕਟ ਡਿਪਾਜ਼ਿਟ ਲਈ ਰਜਿਸਟਰ ਕਰੋ।

ਜੇਕਰ ਤੁਸੀਂ CRA My Account ਵਿੱਚ ਸਾਈਨ-ਇਨ ਜਾਂ ਰਜਿਸਟਰ ਨਹੀਂ ਕਰ ਸਕਦੇ ਹੋ ਤਾਂ ਇੱਕ ਔਨਲਾਈਨ ਵੈੱਬ ਫਾਰਮ ਉਪਲਬਧ ਹੈ। ਜਿਹੜੇ ਬਿਨੈਕਾਰ ਔਨਲਾਈਨ ਅਪਲਾਈ ਨਹੀਂ ਕਰ ਸਕਦੇ ਹਨ, ਉਹ CRA ਨੂੰ 1-800-282-8079 'ਤੇ ਕਾਲ ਕਰ ਸਕਦੇ ਹਨ।

**ਅਰਜ਼ੀਆਂ 31 ਮਾਰਚ 2023 ਨੂੰ ਬੰਦ ਹੋ ਜਾਣਗੀਆਂ।**

### ਅਰਜ਼ੀ ਦੇਣ ਦੀ ਤਿਆਰੀ ਕਰੋ

ਪ੍ਰਕਿਰਿਆ ਨੂੰ ਤੇਜ਼ ਕਰਨ ਲਈ:

1. ਇੱਕ ਸੁਰੱਖਿਅਤ CRA My Account ਅਤੇ ਡਾਇਰੈਕਟ ਡਿਪਾਜ਼ਿਟ ਲਈ ਸਾਈਨ-ਅੱਪ ਕਰੋ।
2. ਆਪਣੀ 2021 ਇਨਕਮ ਟੈਕਸ ਰਿਟਰਨ ਦਾਇਰ ਕਰੋ (ਤੁਹਾਡੇ ਪਤੀ/ਪਤਨੀ ਜਾਂ ਕਾਮਨ-ਲਾਅ ਪਾਰਟਨਰ ਦੀ ਇਨਕਮ ਟੈਕਸ ਰਿਟਰਨ ਸਮੇਤ)।
3. ਆਪਣਾ ਪਤਾ, ਵਿਆਹੁਤਾ ਸਥਿਤੀ ਅਤੇ ਬੈਂਕਿੰਗ ਜਾਣਕਾਰੀ ਨੂੰ ਅੱਪਡੇਟ ਕਰੋ।

### ਹੋਰ ਲਾਭਾਂ 'ਤੇ ਅਸਰ

ਕੈਨੇਡਾ ਹਾਊਸਿੰਗ ਬੈਨੀਫਿਟ ਵਿੱਚ ਇੱਕ ਵਾਰ ਦਾ ਟਾਪ-ਅੱਪ ਹੋਰ ਸੰਘੀ ਲਾਭਾਂ ਨੂੰ ਪ੍ਰਭਾਵਿਤ **ਨਹੀਂ ਕਰਦਾ ਹੈ**, ਜਿਵੇਂ ਕਿ ਕੈਨੇਡਾ ਵਰਕਰਜ਼ ਬੈਨੀਫਿਟ, ਕੈਨੇਡਾ ਚਾਈਲਡ ਬੈਨੀਫਿਟ, ਗੁਡਜ਼ ਐਂਡ ਸਰਵਿਸਿਜ਼ ਟੈਕਸ ਕ੍ਰੈਡਿਟ, ਅਤੇ ਗਾਰੰਟੀਡ ਇਨਕਮ ਸਪਲੀਮੈਂਟ।

ਇਹ ਨਵਾਂ ਫੈਡਰਲ ਇੱਕ ਵਾਰ ਦਾ ਭੁਗਤਾਨ ਮਹੀਨਾਵਾਰ ਕੈਨੇਡਾ ਹਾਊਸਿੰਗ ਬੈਨੀਫਿਟ ਤੋਂ ਵੱਖਰੇ ਤੌਰ 'ਤੇ ਕੰਮ ਕਰਦਾ ਹੈ ਜਿਸ ਨੂੰ ਸੂਬਿਆਂ ਅਤੇ ਟੈਰਿਟੋਰੀਆਂ ਦੁਆਰਾ ਸੰਯੁਕਤ ਤੌਰ 'ਤੇ ਫੰਡ ਕੀਤਾ ਅਤੇ ਦਿੱਤਾ ਜਾਂਦਾ ਹੈ।

**ਹੋਰ ਜਾਣਨ ਲਈ**
canada.ca/one-time-housing-benefit 'ਤੇ ਜਾਓ।

70030 20221110-003A (Punjabi)

Canada

CMHC SCHL